# ਡਾਇਰੈਕਟਰ ਜਨਰਲ ਸਕੂਲ ਸਿੱਖਿਆ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623206, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

**ਸੇਵਾ ਵਿਖੇ,**

**ਪੰਜਾਬ ਰਾਜ ਦੇ ਸਮੂਹ,**
**ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)**

**ਮੀਮੋ ਨੰਬਰ: 8/1-** 2009-ICT-Leave/44781 **ਮਿਤੀ ਚੰਡੀਗੜ੍ਹ: 8-6-2009**

**ਵਿਸ਼ਾ:- ਉਚੇਰੀ ਯੋਗਤਾ ਪ੍ਰਾਪਤ ਕਰਨ ਲਈ ਬਿਨ੍ਹਾਂ ਤਨਖਾਹ ਛੁੱਟੀ ਲੈਣ ਬਾਰੇ ਅਗਵਾਈ ਲੀਹਾਂ।**

**ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।**

2 ਉਚੇਰੀ ਯੋਗਤਾ ਪ੍ਰਾਪਤ ਕਰਨ ਲਈ ਬਿਨ੍ਹਾਂ ਤਨਖਾਹ ਛੁੱਟੀ ਲੈਣ ਬਾਰੇ ਅਕਸਰ ਆਮ ਵੇਖਿਆ ਗਿਆ ਹੈ ਕਿ ਪੰਜਾਬ ਰਾਜ ਦੇ ਸਕੂਲਾਂ ਵਿੱਚ ਕੰਮ ਕਰ ਰਹੇ ਕੰਪਿਊਟਰ ਟੀਚਰ ਆਪਣੀ ਯੋਗਤਾ ਵਧਾਉਣ ਜਾਂ ਪ੍ਰੀਖਿਆ ਨਾਲ ਸਬੰਧਤ ਸਿਖਲਾਈ ਲਈ ਬਿਨ੍ਹਾਂ ਤਨਖਾਹ ਛੁੱਟੀ ਦੀ ਮੰਗ ਕਰਦੇ ਹਨ ਅਤੇ ਦਫਤਰ ਵਲੋਂ ਉਨ੍ਹਾਂ ਨੂੰ ਪ੍ਰੀਖਿਆ ਦੇਣ ਦੀ ਹੀ ਛੁੱਟੀ ਮੰਨਜੂਰ ਕੀਤੀ ਜਾਂਦੀ ਹੈ। ਇਸ ਮਾਮਲੇ ਤੇ ਵਿਚਾਰ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਜੋ ਵੀ ਕੰਪਿਊਟਰ ਟੀਚਰ ਇਸ ਮੰਤਵ ਲਈ 10 ਦਿਨਾਂ ਤੋਂ ਵੱਧ ਬਿਨ੍ਹਾਂ ਤਨਖਾਹ ਛੁੱਟੀ ਲਵੇਗਾ ਉਸਦੀ ਛੁੱਟੀ ਦਾ ਇਹ ਸਮਾਂ ਉਨ੍ਹਾਂ ਦੇ ਕੰਨਟਰੈਕਟ ਪੀਰੀਅਡ ਤੋਂ ਵੱਖਰਾ ਅਤੇ ਵਾਧੂ ਹੋਵਗਾ। ਇਹ ਬਿਨ੍ਹਾਂ ਤਨਖਾਹ ਛੁੱਟੀ ਉਨ੍ਹਾਂ ਨੂੰ ਹੇਠ ਲਿਖੀਆਂ ਸ਼ਰਤਾਂ ਤੇ 30,000/-ਰੁਪਏ ਜਾਂ ਤਿੰਨ ਮਹੀਨੇ ਦੀ ਤਨਖਾਹ/ਮਿਹਨਤਾਨਾ ਜੋ ਵੀ ਘੱਟ ਹੋਵੇ ਦਾ ਬਾਂਡ ਫਾਰਮ ਪਹਿਲਾ ਦਰਜ਼ਾ ਮੈਜਿਸਟ੍ਰੈਟ ਕੋਲੋਂ 15 ਰੁਪਏ ਦੇ ਅਸ਼ਟਾਮ ਪੇਪਰ ਤੇ ਤਸਦੀਕ ਕਰਵਾ ਕੇ ਦੇਣ ਉਪਰੰਤ ਮੰਨਜੂਰ ਕੀਤੀ ਜਾ ਸਕਦੀ ਹੈ :-

1 ਕਿ ਉਹ ਜਿਤਨ੍ਹਾਂ ਸਮਾਂ ਬਿਨ੍ਹਾਂ ਤਨਖਾਹ ਛੁੱਟੀ ਤੇ ਰਹੇਗਾ ਉਸ ਸਮੇਂ ਦੀ ਉਨ੍ਹਾਂ ਨੂੰ ਕੋਈ ਤਨਖਾਹ ਆਦਿ ਨਹੀ ਦਿੱਤੀ ਜਾਵੇਗੀ।
2 ਛੁੱਟੀ ਦਾ ਇਹ ਸਮਾਂ ਉਨ੍ਹਾਂ ਦੇ ਕੰਨਟਰੈਕਟ ਪੀਰੀਅਡ ਤੋਂ ਵੱਖਰਾ ਅਤੇ ਵਾਧੂ ਹੋਵਗਾ ਭਾਵ ਕਰਮਚਾਰੀ ਦਾ ਕੰਮ ਕਾਜ ਸੰਤੋਸ਼ ਜਨਕ ਹੋਣ ਉਪਰੰਤ ਉਸਦੇ ਕੰਟਰੈਕਟ ਪੀਰੀਅਡ ਵਿੱਚ ਵਾਧਾ ਕਰਦੇ ਸਮੇਂ ਉਸਦੇ ਛੁੱਟੀ ਦਾ ਸਮਾਂ ਗਿਣਕੇ ਉਸ ਉਪਰੰਤ ਕੰਟਰੈਕਟ ਵਿੱਚ ਵਾਧਾ ਕੀਤਾ ਜਾਵੇਗਾ।
3 ਇਹ ਸਿਖਲਾਈ /ਪੜ੍ਹਾਈ ਕਰਨ ਉਪਰੰਤ ਜੇਕਰ ਉਹ ਵਾਪਸ ਆਪਣੀ ਡਿਊਟੀ ਤੇ ਹਾਜ਼ਰ ਨਾ ਹੋਏ ਤਾਂ ਉਨ੍ਹਾਂ ਨੂੰ 30,000/- ਰੁਪਏ ਜਾਂ ਤਿੰਨ ਮਹੀਨੇ ਦੀ ਤਨਖਾਹ/ਮਿਹਨਤਾਨਾ ਜੋ ਵੀ ਘੱਟ ਹੋਵੇ ਪਿਕਟਸ ਪਾਸ ਹਰਜਾਨੇ ਵਜੋਂ ਜਮ੍ਹਾਂ ਕਰਵਾਉਣੇ ਹੋਣਗੇ।
4 ਸਬੰਧਤ ਸਿਖਲਾਈ /ਪੀ੍ਖਿਆ ਪਾਸ ਕਰਨ ਉਪਰੰਤ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੇ ਉਚੇਰੇ ਗਰੇਡ ਦੇ ਹੱਕਦਾਰ ਨਹੀਂ ਹੋਣਗੇ।
5 ਉਨ੍ਹਾਂ ਨੂੰ ਕੇਵਲ ਪ੍ਰੀਖਿਆ ਸਮੇਂ ਉਨ੍ਹਾਂ ਦਿਨਾਂ ਦੀ ਹੀ ਛੁੱਟੀ ਪ੍ਰਵਾਨ ਕੀਤੀ ਜਾਵੇਗੀ।
6 ਉਹ ਉੱਕਤ ਸਬੰਧ ਵਿੱਚ ਆਪਣਾ ਕੇਸ ਯੋਗ ਪ੍ਰਣਾਲੀ ਰਾਹੀਂ ਪ੍ਰਵਾਨਗੀ ਲਈ ਇਸ ਦਫਤਰ ਨੂੰ ਭੇਜੇਗਾ।

ਅਜਿਹੇ ਕੇਸਾਂ ਵਿੱਚ ਸਬੰਧਤ ਕੰਪਿਊਟਰ ਟੀਚਰ ਆਪਣਾ ਛੁੱਟੀ ਦਾ ਬਿਨੈ ਪੱਤਰ (ਛੁੱਟੀ ਲੈਣ ਦੇ ਕਾਰਨ ਵਜੋਂ ਸਬੰਧਤ ਦਸਤਾਵੇਜ਼ਾਂ ਦੀਆਂ ਤਸਦੀਕੀ ਫੋਟੋ ਕਾਪੀਆਂ ਨਾਲ ਨੱਥੀ ਕਰਕੇ) ਆਪਣੇ ਸਕੂਲ ਮੁੱਖੀ ਦੀ ਸਿਫਾਰਸ ਸਾਹਿਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਇਸ ਦਫਤਰ ਨੂੰ 15 ਦਿਨ ਪਹਿਲਾਂ ਭੇਜੇਗਾ।

ਇਨ੍ਹਾਂ ਹਦਾਇਤਾਂ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ, ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ।**